# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ : ਸਿ :), ਪੰਜਾਬ।

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

## ਪਬਲਿਕ ਨੋਟਿਸ

**(ਮਿਤੀ 06-04-2021 ਨੂੰ ਦਿੱਤੇ ਗਏ ਇਸਤਿਹਾਰ ਵਿਰੁੱਧ ਸਿਲੈਕਟ ਹੋਏ ਅਧਿਆਪਕਾਂ ਨੂੰ ਸਟੇਸ਼ਨ ਅਲਾਟ ਕਰਨ ਬਾਰੇ)**

1.0 ਸਿੱਖਿਆ ਵਿਭਾਗ, ਪੰਜਾਬ ਵਿਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸ਼ਿਆ ਦੀਆ ਬੈਕਲਾਗ ਅਤੇ ਨਵੀਆਂ ਅਸਾਮੀਆ ਭਰਨ ਲਈ ਮਿਤੀ 06-04-2021 ਨੂੰ ਇਸਤਿਹਾਰ ਦਿਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾ ਦੀ ਸੂਚੀ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀ ਗਈ ਸੀ। ਇਹਨਾ ਸਿਲੈਕਟ ਹੋਏ ਉਮੀਦਵਾਰਾ ਨੂੰ ਵੱਖ ਵੱਖ ਮਿਤੀਆਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 **ਜਿਹਨਾਂ ਉਮੀਦਵਾਰਾ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਉਹਨਾ ਨੂੰ ਹੁਣ ਵਿਭਾਗ ਵਲੋ ਸਟੇਸ਼ਨ ਅਲਾਟ ਕੀਤੇ ਜਾਣੇ ਹਨ।**

3.0 ਇਹਨਾ ਨਵ-ਨਿਯੁਕਤ ਅਧਿਆਪਕਾ ਨੂੰ ਸਟੇਸ਼ਨ ਅਲਾਟ ਕਰਨ ਲਈ ਹੇਠ ਲਿਖੀਆਂ ਕੈਟੇਗਰੀਆਂ ਨੂੰ ਪ੍ਰਾਥਮਿਕਤਾ ਦੇਣ ਦੀ ਤਜਵੀਜ ਹੈ:-

1. ਵਿਧਵਾ ਕੇਸ।
2. ਕੈਂਸਰ ਦੇ ਮਰੀਜ, ਖਰਾਬ ਕਿਡਨੀ ਦੇ ਮਰੀਜ (ਖੁਦ ਅਧਿਆਪਕ ਜੋ ਡਾਇਲਸਿਸ ਤੇ ਹੋਣ)।
3. ਜਿਨ੍ਹਾਂ ਦੇ ਬੱਚੇ 60 ਪ੍ਰਤੀਸਤ ਤੋ ਵੱਧ ਡਿਸਏਬਲਡ ਹੋਣ, ਕੈਂਸਰ ਅਤੇ ਖਰਾਬ ਕਿਡਨੀ (ਡਾਇਲਸਿਸ ਤੇ ਹੋਣ) ਤੋ ਪੀੜਿਤ ਹੋਣ।

4.0 ਜੋ ਅਧਿਆਪਕ ਉਪਰੋਕਤ ਕੈਟੇਗਰੀ ਅਧੀਨ ਲਾਭ ਲੈਣਾ ਚਾਹੁੰਦੇ ਹਨ, ਉਹ ਉਪਰੋਕਤ ਕੈਟੇਗਰੀ ਦੇ ਨਾਲ ਸਬੰਧਤ ਦਸਤਾਵੇਜ, ਸਮੇਤ ਨਿਯੁਕਤੀ ਪੱਤਰ ਦੀ ਕਾਪੀ ਇਕ ਪੀ.ਡੀ.ਐਫ ਤਿਆਰ ਕਰਕੇ ਈ-ਮੇਲ ਆਈ.ਡੀ. stationallotment2392@gmail.com ਤੇ ਮਿਤੀ 19-08-2021 ਨੂੰ ਸ਼ਾਮ 05.00 ਵਜੇ ਤੱਕ ਭੇਜਣਗੇ। ਇਸ ਉਪਰੰਤ ਪ੍ਰਾਪਤ ਹੋਣ ਵਾਲੀ ਈ-ਮੇਲ ਤੇ ਕਿਸੇ ਵੀ ਸੂਰਤ ਵਿਚ ਵਿਚਾਰ ਨਹੀ ਕੀਤਾ ਜਾਵੇਗਾ।

5.0 ਇਹਨਾ ਵਲੋ ਭੇਜੇ ਜਾਣ ਵਾਲੇ ਦਸਤਾਵੇਜ ਵੈਰੀਫਾਈ ਕਰਨ ਉਪਰੰਤ ਹੀ ਇਹਨਾਂ ਅਧਿਆਪਕਾ ਨੂੰ ਉਪਰੋਕਤ ਕੈਟੇਗਰੀ ਵਿਚ ਪਹਿਲ ਦੇ ਆਧਾਂਰ ਤੇ ਸਟੇਸ਼ਨ ਦੇਣ ਲਈ ਵਿਚਾਰ ਕੀਤਾ ਜਾਵੇਗਾ।

6.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਜਾਰੀ ਕਰਨ ਨਾਲ ਉਪਰੋਕਤ ਕੈਟੇਗਰੀ ਦੇ ਅਧਿਆਪਕਾਂ ਦਾ ਪਹਿਲਾ ਸਟੇਸ਼ਨ ਲੈਣ ਦਾ ਹੱਕ ਨਹੀ ਬਣ ਜਾਂਦਾ। ਇਹਨਾਂ ਨੂੰ ਪਹਿਲ ਦੇ ਆਧਾਰ ਤੇ ਸਟੇਸ਼ਨ ਅਲਾਟ ਕਰਨ ਜਾਂ ਨਾ ਕਰਨ ਬਾਰੇ ਜੋ ਵੀ ਵਿਭਾਗ ਵਲੋ ਫੈਸਲਾ ਕੀਤਾ ਜਾਵੇਗਾ ਉਹ ਆਖਰੀ ਹੋਵੇਗਾ।

19/08/2021

ਸਹਾਇਕ ਡਾਇਰੈਕਟਰ (ਸ:ਪ੍ਰ-2)
ਦ: ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ: 19.08.2021